ਮਿਤੀ: 23.07.2015

ਵੱਲ

ਸ੍ਰੀ ਸੁਰਿੰਦਰ ਕੈਲੇ
ਵਿਤ ਅਤੇ ਭਵਨ ਪ੍ਰਬੰਧਕ
ਪੰਜਾਬੀ ਸਾਹਿਤ ਅਕੈਡਮੀ ਲੁਧਿਆਣਾ।

ਵਿਸ਼ਾ: ਅਕੈਡਮੀ ਦੇ ਕਿਰਾਏਦਾਰਾਂ ਵੱਲ ਰਹਿੰਦੇ ਬਕਾਏ ਬਾਰੇ ਸੂਚਨਾ ਉਪਲੱਬਧ ਕਰਵਾਉਣ ਸਬੰਧੀ।

ਸ੍ਰੀ ਮਾਨ ਜੀ,

ਆਪ ਜੀ ਦੇ ਹਵਾਲੇ ਨਾਲ 15 ਜੁਲਾਈ 2015 ਦੇ ਪੰਜਾਬੀ ਟ੍ਰਿਬਿਊਨ ਵਿੱਚ ਭਾਸ਼ਾ ਵਿਭਾਗ ਵਿਰੁੱਧ ਅਕੈਡਮੀ ਦੇ ਲੱਖਾਂ ਰੁਪਏ ਬਕਾਇਆ ਹੋਣ ਦੀ ਖਬਰ ਛਪੀ ਹੈ ਜੋ ਕਿ ਹੈਰਾਨੀਜਨਕ ਹੈ। ਆਪ ਜੀ ਦਾ ਅਕੈਡਮੀ ਦੇ ਦਸਤਾਵੇਜ਼ਾਂ ਨੂੰ ਖੋਜ ਕੇ, ਭਾਸ਼ਾ ਵਿਭਾਗ ਵੱਲ ਕੱਢੇ ਬਕਾਏ ਦਾ ਉੱਦਮ ਸ਼ਲਾਘਾਯੋਗ ਹੈ।

ਅਕੈਡਮੀ ਦੇ ਮੈਂਬਰਾਂ ਵਿੱਚ ਇਹ ਵੀ ਚਰਚਾ ਹੈ ਕਿ ਇਸੇ ਤਰ੍ਹਾਂ ਅਕੈਡਮੀ ਦੇ ਬਾਕੀ ਕਿਰਾਏਦਾਰਾਂ ਵਿਰੁੱਧ ਵੀ ਅਕੈਡਮੀ ਦਾ ਲੱਖਾਂ ਰੁਪਇਆ ਬਕਾਇਆ ਹੈ। ਉੱਪਰਲੀ ਖਬਰ ਤੋਂ ਇਹ ਯਕੀਨ ਬੱਝਦਾ ਹੈ ਕਿ ਤੁਸੀਂ, ਅਕੈਡਮੀ ਦੇ ਵਿਤੀ ਹਿਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਬਾਕੀ ਕਿਰਾਏਦਾਰਾਂ ਵਿਰੁੱਧ ਖੜੇ ਬਕਾਏ ਬਾਰੇ ਵੀ ਸੂਚਨਾ ਇਕੱਤਰ ਕੀਤੀ ਹੋਵੇਗੀ।

ਜੇ ਆਪ ਜੀ ਵੱਲੋਂ ਅਕੈਡਮੀ ਦੇ ਬਾਕੀ ਕਿਰਾਏਦਾਰਾਂ ਵਿਰੁੱਧ ਖੜੇ ਬਕਾਏ ਦੀ ਸੂਚਨਾ ਇਕੱਤਰ ਕੀਤੀ ਗਈ ਹੈ ਤਾਂ ਕ੍ਰਿਪਾ ਕਰਕੇ ਉਹ ਉਪਲੱਬਧ ਕਰਵਾਈ ਜਾਵੇ ਤਾਂ ਜੋ ਕਸੂਰਵਾਰ ਕਿਰਾਏਦਾਰਾਂ ਉੱਪਰ ਅਕੈਡਮੀ ਨੂੰ ਬਕਾਇਆ ਦੇਣ ਬਾਰੇ ਦਬਾਅ ਪਾਇਆ ਜਾ ਸਕੇ।

ਜਲਦੀ ਉੱਤਰ ਦੀ ਉਡੀਕ ਵਿੱਚ।

ਆਪ ਦਾ ਹਿਤੂ।

ਮਿੱਤਰ ਸੈਨ ਮੀਤ